# ਸੰਦੇਸ਼
## (ਮੁੱਖ ਮੰਤਰੀ, ਪੰਜਾਬ)

ਮੇਰੇ ਪਿਆਰੇ ਬੱਚਿਓ,

ਅੱਜ ਸਾਡੇ ਦੇਸ਼ ਦੇ ਪਹਿਲੇ ਸਿੱਖਿਆ ਮੰਤਰੀ ਮੌਲਾਨਾ ਅਬੁਲ ਕਲਾਮ ਅਜ਼ਾਦ ਦਾ ਜਨਮ ਦਿਹਾੜਾ ਹੈ। ਉਹਨਾਂ ਦਾ ਇਹ ਸੁਪਨਾ ਸੀ ਕਿ ਭਾਰਤ ਦਾ ਹਰ ਨਾਗਰਿਕ ਪੜ੍ਹਿਆ ਲਿਖਿਆ ਹੋਵੇ। ਮੈਨੂੰ ਇਹ ਦੱਸਦੇ ਹੋਏ ਅਤਿ ਪ੍ਰਸੰਨਤਾ ਹੋ ਰਹੀ ਹੈ ਕਿ ਉਹਨਾਂ ਦਾ ਸੁਪਨਾ ਸਾਕਾਰ ਕਰਨ ਦੇ ਉਪਰਾਲੇ ਵਜੋਂ ਇਸ ਸ਼ੁਭ ਦਿਹਾੜੇ ਉਤੇ ਸਾਰੇ ਦੇਸ਼ ਵਿੱਚ "ਸਿੱਖਿਆ ਦਾ ਅਧਿਕਾਰ ਮੁਹਿੰਮ" ਅਰੰਭ ਕੀਤੀ ਜਾ ਰਹੀ ਹੈ।

ਕਿਸੇ ਵੀ ਮਨੁੱਖ ਲਈ ਸਿੱਖਿਆ ਪ੍ਰਾਪਤ ਕਰਨ ਤੋਂ ਬਗੈਰ ਸਮਾਜ ਦੇ ਵਿੱਚ ਸਤਿਕਾਰ ਯੋਗ ਮਕਾਮ ਹਾਸਲ ਕਰਨਾ ਸੰਭਵ ਨਹੀਂ। ਬੱਚਿਆਂ ਦਾ ਵਿਦਿਆਰਥੀ ਜੀਵਨ ਇਕ ਅਨਮੋਲ ਸਮਾਂ ਹੁੰਦਾ ਹੈ ਜਿਸ ਦੌਰਾਨ ਵੱਧ ਤੋਂ ਵੱਧ ਗਿਆਨ ਪ੍ਰਾਪਤ ਕੀਤਾ ਜਾ ਸਕਦਾ ਹੈ। ਸੰਸਾਰ ਦੀ ਕਿਸੇ ਵੀ ਉੱਘੀ ਸ਼ਖਸੀਅਤ ਦੀ ਜੀਵਨੀ ਪੜ੍ਹੀਏ ਤਾਂ ਪਤਾ ਲੱਗਦਾ ਹੈ ਕਿ ਉਹਨਾਂ ਨੇ ਆਪਣੇ ਬਚਪਨ ਅਤੇ ਵਿਦਿਆਰਥੀ ਜੀਵਨ ਦੌਰਾਨ ਬੜੀਆਂ ਔਕੜਾਂ ਦੇ ਨਾਲ ਆਪਣੀ ਸਿੱਖਿਆ ਹਾਸਲ ਕੀਤੀ। ਉਹਨਾਂ ਦਿਨਾਂ ਵਿੱਚ ਸਕੂਲਾਂ ਦਾ ਕਾਫੀ ਦੂਰ ਦੁਰਾਡੇ ਹੋਣਾ, ਆਵਾਜਾਈ ਦੇ ਸਾਧਨ ਨਾ ਹੋਣੇ ਜਾਂ ਆਰਥਿਕ ਤੰਗੀ ਵਰਗੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਪ੍ਰੰਤੂ ਉਹਨਾਂ ਨੇ ਔਕੜਾਂ ਦੀ ਪ੍ਰਵਾਹ ਨਾ ਕਰਦੇ ਹੋਏ ਸਿੱਖਿਆ ਹਾਸਲ ਕੀਤੀ ਅਤੇ ਆਪਣੇ ਜੀਵਨ ਵਿੱਚ ਉਚਤਮ ਮੁਕਾਮ ਹਾਸਲ ਕੀਤੇ। ਅੱਜ ਕੱਲ੍ਹ ਪਿੰਡਾਂ/ਸ਼ਹਿਰਾਂ ਦੇ ਵਿੱਚ ਅਬਾਦੀਆਂ ਦੇ ਨੇੜੇ ਪੰਜਾਬ ਸਰਕਾਰ ਵੱਲੋਂ ਵਧੀਆ ਸਕੂਲ ਉਪਲੱਬਧ ਕਰਵਾਏ ਗਏ ਹਨ। ਜਿਸ ਕਾਰਨ ਬੱਚਿਆਂ ਨੂੰ ਸਿੱਖਿਆ ਹਾਸਲ ਕਰਨ ਲਈ ਜ਼ਿਅਦਾ ਦੂਰ ਨਹੀ ਜਾਣਾ ਪੈਂਦਾ।

ਬੱਚਿਆਂ ਦਾ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਐਕਟ 2009 ਲਾਗੂ ਹੋ ਜਾਣ ਦੇ ਨਾਲ 6 ਤੋਂ 14 ਸਾਲ ਦਾ ਹਰੇਕ ਬੱਚਾ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਹਾਸਲ ਕਰ ਸਕਦਾ ਹੈ। ਮੇਰੇ ਬੱਚਿਓ, ਹੁਣ ਤੁਸੀਂ ਸਕੂਲ ਵਿੱਚ ਆਪਣੇ ਅਧਿਆਪਕਾਂ ਪਾਸੋਂ ਬਗੈਰ ਕਿਸੇ ਡਰ ਦੇ ਸਵਾਲ ਪੁੱਛ ਸਕਦੇ ਹੋ ਸਕੂਲਾਂ ਵਿੱਚ ਬੱਚਿਆਂ ਨੂੰ ਸਜਾ ਦੇਣ ਦੀ ਮੁਕੰਮਲ ਮਨਾਹੀ ਹੈ ਅਤੇ ਮੁੱਢਲੀ ਪੜ੍ਹਾਈ ਮੁਕੰਮਲ ਹੋਣ ਤੱਕ ਨਾ ਕਿਸੇ ਬੱਚੇ ਨੂੰ ਉਸਦੀ ਪਹਿਲੀ ਜਮਾਤ ਵਿਚ ਰੋਕਿਆ ਜਾਵੇਗਾ ਅਤੇ ਨਾ ਹੀ ਸਕੂਲ ਵਿੱਚੋਂ ਕੱਢਿਆ ਜਾਵੇਗਾ। ਅਧਿਆਪਕ ਦਾ ਦਰਜਾ ਮਾਂ-ਬਾਪ ਦੇ ਬਰਾਬਰ ਹੁੰਦਾ ਹੈ ਅਤੇ ਹਰ ਇਕ ਬੱਚੇ ਨੂੰ ਆਪਣੇ ਅਧਿਅਪਕਾਂ ਦਾ ਪੂਰਾਂ ਸਤਿਕਾਰ ਕਰਨਾ ਚਾਹੀਦਾ ਹੈ।

ਬੱਚੇ ਦੇਸ਼ ਦਾ ਭਵਿੱਖ ਹੁੰਦੇ ਹਨ ਅਤੇ ਦੇਸ਼ ਨੂੰ ਤੁਹਾਡੇ ਪਾਸੋਂ ਬਹੁਤ ਉਮੀਦਾਂ ਹਨ, ਤੁਹਾਡੇ ਵਿਚੋਂ ਹੀ ਕੱਲ੍ਹ ਨੂੰ ਕਿਸੇ ਨੇ ਕੌਮ ਦੀ ਵਾਗ ਡੋਰ ਸੰਭਾਲਣੀ ਹੈ। ਮੈਨੂੰ ਉਮੀਦ ਹੈ ਕਿ ਤੁਸੀ ਪੂਰੀ ਲਗਨ ਅਤੇ ਮਹਿਨਤ ਦੇ ਨਾਲ ਸਿੱਖਿਆ ਹਾਸਲ ਕਰੋਗੇ ਅਤੇ ਜੀਵਨ ਦੀਆਂ ਹਰ ਬੁਲੰਦੀਆਂ ਨੂੰ ਛੂਹੋਂਗੇ ਅਤੇ ਆਪਣੇ ਮਾਂ-ਬਾਪ ਅਤੇ ਦੇਸ਼ ਦਾ ਨਾਂ ਰੌਸ਼ਨ ਕਰੋਗੇ।

ਪ੍ਰਕਾਸ਼ ਬਾਦਲ

(ਪ੍ਰਕਾਸ਼ ਸਿੰਘ ਬਾਦਲ)

ਚੰਡੀਗੜ੍ਹ

ਮਿਤੀ 11/11/11